Washington State Department of Social & Health Services
ADSA Aging & Disability Services Administration

# ਐਸਟੇਟ ਰਿਕਵਰੀ
# ਸਟੇਟ ਨੂੰ ਮੈਡੀਕਲ ਅਤੇ ਲੰਬੀ ਮਿਆਦ ਦੇਖ-ਭਾਲ ਦੇ ਪੈਸੇ ਵਾਪਸ ਕਰਨਾ

ESTATE RECOVERY
REPAYING THE STATE FOR MEDICAL AND LONG TERM CARE

**ਮੈਨੂੰ ਇਹ ਨੋਟਿਸ ਕਿਉਂ ਮਿਲ ਰਿਹਾ ਹੈ?**
ਤੁਹਾਨੂੰ ਇਹ ਨੋਟਿਸ ਇਸ ਲਈ ਮਿਲ ਰਿਹਾ ਹੈ ਕਿਉਂਕਿ "ਐਸਟੇਟ ਰਿਕਵਰੀ" ਨਾਂ ਦਾ ਕਨੂੰਨ ਤੁਹਾਨੂੰ ਪ੍ਰਭਾਵਤ ਕਰ ਸਕਦਾ ਹੈ ਜਾਂ ਤੁਸੀਂ ਸਥਾਈ ਤੌਰ 'ਤੇ ਕਿਸੇ ਮੈਡੀਕਲ ਅਦਾਰੇ ਵਿਚ ਰਹਿ ਰਹੇ ਹੋ ਸਕਦੇ ਹੋ ਅਤੇ ਤੁਹਾਡੇ ਮੈਡੀਕਲ ਖਰਚਿਆਂ ਦੀ ਵਸੂਲੀ ਕੀਤੀ ਜਾ ਸਕਦੀ ਹੈ।

**ਐਸਟੇਟ ਰਿਕਵਰੀ ਕਨੂੰਨ ਕੀ ਹੈ?**
ਇਸ ਕਨੂੰਨ ਮੁਤਾਬਕ ਸਟੇਟ ਕੁੱਝ ਮੈਡੀਕੇਡ ਵੱਲੋਂ ਫੰਡ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਜਾਂ ਸਟੇਟ ਵੱਲੋਂ ਫੰਡ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੇ ਪੈਸੇ ਤੁਹਾਡੀ ਮੌਤ ਤੋਂ ਬਾਦ *ਤੁਹਾਡੀ ਜਾਇਦਾਦ* ਵਿਚੋਂ ਵਸੂਲ ਕਰਦੀ ਹੈ। DSHS ਇਕ ਲੀਅਨ ਫ਼ਾਈਲ ਕਰੇਗੀ ਜਾਂ ਤੁਹਾਡੀ ਸਾਰੀ ਜਾਇਦਾਦ ਵਿਚੋਂ ਕਿਸੇ ਸੰਪੱਤੀ 'ਤੇ ਆਪਣਾ ਦਾਅਵਾ ਕਰੇਗੀ।

**ਐਸਟੇਟ ਕੀ ਹੈ?**
ਐਸਟੇਟ ਵਿਚ ਸ਼ਾਮਲ ਹੁੰਦਾ ਹੈ ਤੁਹਾਡੀ ਮੌਤ ਦੇ ਸਮੇਂ ਹੋਣ ਵਾਲਾ ਤੁਹਾਡਾ ਕੁਲ ਅਸਾਸਾ ਜਾਂ ਕੁਲ ਅਸਾਸੇ ਵਿਚ ਹੋਣ ਵਾਲਾ ਤੁਹਾਡਾ ਕੋਈ ਕਨੂੰਨੀ ਹਿੱਤ, ਜਿਵੇਂ ਕਿ ਬੈਂਕ ਖਾਤਾ, ਘਰ, ਜ਼ਮੀਨ, ਸਟਾਕ ਅਤੇ ਬਾਂਡ। ਇਸ ਵਿਚ ਉਹ ਸੰਪੱਤੀ ਸ਼ਾਮਲ ਨਹੀਂ ਹੁੰਦੀ ਜਿਸਦੇ ਮਾਲਕ ਇਕੱਲੇ ਤੁਹਾਡੇ ਮਾਪੇ, ਪਤੀ/ਪਤਨੀ, ਜਾਂ ਬੱਚਾ ਹੋਣ। ਆਦਿਵਾਸੀ ਸੰਪੱਤੀ ਵੀ ਵਸੂਲੀ ਤੋਂ ਮੁਕਤ ਹੋ ਸਕਦੀ ਹੈ।

**ਐਸਟੇਟ ਰਿਕਵਰੀ ਵਿਚ ਮੇਰੀਆਂ ਕਿਹੜੀਆਂ ਸੇਵਾਵਾਂ ਸ਼ਾਮਲ ਹੁੰਦੀਆਂ ਹਨ?**
**ਐਸਟੇਟ ਰਿਕਵਰੀ ਉਨ੍ਹਾਂ ਸਾਰੀਆਂ ਮੈਡੀਕਲ ਅਤੇ ਲੰਮੇ ਚਿਰ ਲਈ ਮਿਲਣ ਵਾਲੀਆਂ ਸੇਵਾਵਾਂ 'ਤੇ ਲਾਗੂ ਹੁੰਦੀ ਹੈ ਜਿਹੜੀਆਂ ਤੁਹਾਨੂੰ 55 ਸਾਲ ਦਾ ਹੋਣ 'ਤੇ ਜਾਂ ਇਸ ਤੋਂ ਬਾਦ ਮਿਲਦੀਆਂ ਹਨ।** ਇਨ੍ਹਾਂ ਵਿਚ ਸ਼ਾਮਲ ਹਨ ਡਾਕਟਰ ਨਾਲ ਮੁਲਾਕਾਤਾਂ, ਹਸਪਤਾਲ ਵਿਚ ਸੰਭਾਲ, ਪ੍ਰੈਸਕ੍ਰਿਪਸ਼ਨਜ਼, ਨਰਸਿੰਗ ਹੋਮ ਵਿਚ ਸੰਭਾਲ, ਘਰ-ਵਿਚ ਅਤੇ ਰਿਹਾਇਸ਼ੀ ਸੰਭਾਲ, ਬਾਲਗਾਂ ਲਈ ਡੇ ਹੈਲਥ ਪ੍ਰੋਗਰਾਮ ਅਤੇ ਹੋਰ ਸਹਾਇਤਾ ਸਬੰਧੀ ਸੇਵਾਵਾਂ।

1 ਜੂਨ, 2004 ਤੋਂ, ਐਸਟੇਟ ਰਿਕਵਰੀ **ਸਟੇਟ ਵੱਲੋਂ ਫੰਡ ਕੀਤੀਆਂ ਜਾਣ ਵਾਲੀਆਂ ਸਾਰੀਆਂ ਲੰਮੀ ਮਿਆਦ ਘਰ ਵਿਚ ਸੰਭਾਲ ਸੇਵਾਵਾਂ 'ਤੇ ਵੀ ਲਾਗੂ ਹੁੰਦੀ ਹੈ ਜਿਸ ਵਿਚ ਸਟੇਟ ਵੱਲੋਂ ਫੰਡ ਕੀਤੀਆਂ ਜਾਣ ਵਾਲੀਆਂ ਲੰਮੀ ਮਿਆਦ ਸੰਭਾਲ ਸੇਵਾਵਾਂ ਲੈਣ ਵੇਲੇ ਭਾਵੇਂ ਉਮਰ ਕਿੰਨੀ ਵੀ ਹੋਵੇ ਅਤੇ ਮੈਡੀਕਲ ਸੇਵਾਵਾਂ ਜਿਹੜੀਆਂ ਮਰਜ਼ੀ ਹੋਣ।**

**ਜੇ ਮੈਂ ਕਿਸੇ ਮੈਡੀਕਲ ਸੁਵਿਧਾ ਕੇਂਦਰ ਵਿਚ ਰਹਿ ਰਿਹਾ ਹੋਵਾਂ, ਤਾਂ?**
ਜੇ ਤੁਸੀਂ ਕਿਸੇ ਮੈਡੀਕਲ ਸੁਵਿਧਾ ਕੇਂਦਰ ਵਿਚ ਰਹਿੰਦੇ ਹੋ ਅਤੇ ਤੁਹਾਡੇ ਤੋਂ ਘਰ ਵਾਪਸ ਜਾਣ ਦੀ ਵਾਜਬ ਉਮੀਦ ਨਹੀਂ ਕੀਤੀ ਜਾਂਦੀ, ਤਾਂ ਕਨੂੰਨ ਸਟੇਟ ਨੂੰ ਤੁਹਾਡੀ ਜਾਇਦਾਦ ਦੇ ਖਿਲਾਫ ਲੀਅਨ ਫ਼ਾਈਲ ਕਰਨ ਦੀ ਇਜਾਜ਼ਤ ਦਿੰਦਾ ਹੈ। ਸਟੇਟ ਤੁਹਾਡੀ ਜਾਇਦਾਦ ਜਾਂ ਸੰਪੱਤੀ ਦੀ ਵਿਕਰੀ ਤੋਂ ਮੈਡੀਕਲ ਅਤੇ ਲੰਮੀ ਮਿਆਦ ਸੰਭਾਲ ਸੇਵਾਵਾਂ ਦਾ ਖਰਚਾ ਵਸੂਲ ਕਰੇਗੀ। ਜਦੋਂ ਤੱਕ ਤੁਹਾਡਾ ਪਤੀ/ਪਤਨੀ ਜਾਂ ਤੁਹਾਡਾ ਨਾਬਾਲਗ, ਨੇਤਰਹੀਣ, ਜਾਂ ਅਪਾਹਜ ਬੱਚਾ ਘਰ ਵਿਚ ਰਹਿੰਦਾ ਹੈ, ਓਦੋਂ ਤੱਕ ਸਟੇਟ ਤੁਹਾਡੇ ਘਰ ਦੇ ਖਿਲਾਫ ਲੀਅਨ ਫ਼ਾਈਲ ਨਹੀਂ ਕਰੇਗੀ।

ਲੀਅਨ 'ਤੇ ਹੋਣ ਵਾਲੀਆਂ ਬਾਕੀ ਸੀਮਾਵਾਂ ਲਾਗੂ ਹੋ ਸਕਦੀਆਂ ਹਨ। ਜੇ ਤੁਸੀਂ ਘਰ ਵਾਪਸ ਆ ਜਾਂਦੇ ਹੋ, ਤਾਂ ਲੀਅਨ ਖਤਮ ਹੋ ਜਾਂਦਾ ਹੈ

**ਜੇ ਮੇਰੀ ਪਤਨੀ ਜਾਂ ਪਤੀ ਜਾਂ ਬੱਚਾ ਹੈ, ਤਾਂ?**
ਸਟੇਟ ਓਦੋਂ ਤੱਕ ਵਸੂਲੀ ਸ਼ੁਰੂ ਨਹੀਂ ਕਰ ਸਕਦੀ ਜਦੋਂ ਤੱਕ ਪਤੀ ਜਿਉਂਦਾ ਹੈ ਜਾਂ ਪਤਨੀ ਜਿਉਂਦੀ ਹੈ, ਜਾਂ ਜਦੋਂ ਤੱਕ ਤੁਹਾਡੇ ਬੱਚੇ ਦੀ ਉਮਰ 21 ਸਾਲ ਤੋਂ ਘੱਟ ਹੈ ਜਾਂ ਜੇ ਉਹ ਨੇਤਰਹੀਣ ਜਾਂ ਅਪਾਹਜ ਹੈ। ਸਟੇਟ ਲੀਅਨ ਫ਼ਾਈਲ ਕਰ ਸਕਦੀ ਹੈ, ਲੇਕਨ ਜੇ ਪਿੱਛੋਂ ਜਿਉਂਦੇ ਪਤੀ ਜਾਂ ਪਤਨੀ ਨੂੰ ਸੰਪੱਤੀ ਵੇਚਣ ਦੀ ਲੋੜ ਹੋਵੇ ਤਾਂ ਸਟੇਟ ਲੀਅਨ ਛੱਡ ਦੇਵੇਗੀ।

**ਕੀ ਸਟੇਟ ਕਦੇ ਇਸ ਕਨੂੰਨ ਵਿਚ ਛੋਟ ਵੀ ਦਿੰਦੀ ਹੈ?**
ਸਟੇਟ ਤੁਹਾਡੀ ਜਾਇਦਾਦ ਤੋਂ ਵਸੂਲੀ ਨੂੰ ਅੱਗੇ ਪਾਉਣ ਲਈ ਸਹਿਮਤ ਹੋ ਸਕਦੀ ਹੈ, ਜੇ ਇਸ ਨਾਲ ਉਸ ਵਿਅਕਤੀ ਨੂੰ ਅਨੁਚਿਤ ਤੰਗੀ ਆਉਂਦੀ ਹੋਵੇ ਜਿਸਨੂੰ ਘਰ, ਪੈਸਾ, ਜਾਂ ਸੰਪੱਤੀ ਵਿਰਾਸਤ ਵਿਚ ਮਿਲਣੀ ਹੈ। ਐਪਰ, ਸਟੇਟ ਲੀਅਨ ਫ਼ਾਈਲ ਕਰੇਗੀ। ਤੰਗੀ ਨੂੰ ਕੁੱਝ ਖ਼ਾਸ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ।

**ਕੀ ਐਸਟੇਟ ਰਿਕਵਰੀ ਦੀ ਅਪੀਲ ਪਾਉਣ ਦੇ ਕੋਈ ਹੱਕ ਹਕੂਕ ਹਨ?**
ਜੀ ਹਾਂ। ਤੁਹਾਡੇ ਵਾਰਸਾਂ ਲਈ ਅਪੀਲ ਦੇ ਹੱਕ ਹਨ। DSHS ਨੋਟਿਸ ਅਤੇ ਸੁਣਵਾਈ ਦਾ ਮੌਕਾ ਦੇਵੇਗੀ।

**ਮੈਂ ਹੋਰ ਜਾਣਕਾਰੀ ਕਿਵੇਂ ਪ੍ਰਾਪਤ ਕਰ ਸਕਦਾ ਹਾਂ?**
ਕੁਲੰਬੀਆ ਕਨੂੰਨੀ ਸੇਵਾਵਾਂ (Columbia Legal Services) ਵੱਲੋਂ ਇਕ ਜਾਣਕਾਰੀ ਦਾ ਪੈਕਟ ਉਪਲਬਧ ਹੈ। ਕੋਆਰਡੀਨੇਟਿਡ ਲੀਗਲ ਐਜੁਕੇਸ਼ਨ, ਐਡਵਾਈਸ ਐਂਡ ਰੈਫਰਲ ਲਾਈਨ (Coordinated Legal Education, Advice and Referral Line) (CLEAR) ਨੂੰ ਟੋਲ ਫਰੀ ਨੰਬਰ 1-888-201-1014 'ਤੇ ਫੋਨ ਕਰੋ ਜਾਂ ਕਿਸੇ ਅਜਿਹੇ ਵਕੀਲ ਨਾਲ ਸਲਾਹ ਕਰੋ ਜਿਹੜਾ ਜਾਇਦਾਦ ਦੀ ਵਿਓਂਤਬੰਦੀ ਅਤੇ ਮੈਡੀਕਲ ਸਹਾਇਤਾ ਦੋਵੇਂ ਤਰ੍ਹਾਂ ਦੇ ਨਿਯਮਾਂ ਨੂੰ ਸਮਝਦਾ ਹੋਵੇ। ਉਨ੍ਹਾਂ ਕੋਲ *Estate Recovery for Medical Services paid for by the State* ਵੀ ਹੈ ਜੋ ਕਿ ਤੁਸੀਂ www.washingtonlawhelp. org 'ਤੇ ਆਨਲਾਈਨ ਪੜ੍ਹ ਸਕਦੇ ਹੋ (Elder/Aging Law 'ਤੇ ਕਲਿਕ ਕਰੋ ਅਤੇ ਫਿਰ "Long term care assistance" 'ਤੇ)

**Statutory Authority**
**RCW 43.20b ਅਤੇ 388-527 WAC**